**ਕਾਨੜਾ ਮਹਲਾ ੫ ॥ ਕਰਤ ਕਰਤ ਚਰਚ ਚਰਚ ਚਰਚਰੀ ॥ ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ ਧਰਚਰੀ ॥੧॥ ਰਹਾਉ ॥ ਅਹੰ ਅਹੰ ਅਹੈ ਅਵਰ ਮੂੜ ਮੂੜ ਮੂੜ ਬਵਰਈ ॥ ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ ॥੧॥ ਮਾਨੁ ਮਾਨੁ ਮਾਨੁ ਤਿਆਗਿ ਮਿਰਤੁ ਮਿਰਤੁ ਨਿਕਟਿ ਨਿਕਟਿ ਸਦਾ ਹਈ ॥ ਹਰਿ ਹਰੇ ਹਰੇ ਭਾਜੁ ਕਹਤੁ ਨਾਨਕੁ ਸੁਨਹੁ ਰੇ ਮੂੜ ਬਿਨੁ ਭਜਨ ਭਜਨ ਭਜਨ ਅਹਿਲਾ ਜਨਮੁ ਗਈ ॥੨॥੫॥੫੦॥੧੨॥੬੨॥** {ਪੰਨਾ 1308}

ਪਦ ਅਰਥ:- ਕਰਤ ਕਰਤ—ਹਰ ਵੇਲੇ ਕਰਦੇ ਰਹਿੰਦੇ। ਚਰਚ ਚਰਚ ਚਰਚਰੀ—ਚਰਚਾ ਹੀ ਚਰਚਾ। ਜੋਗ ਧਿਆਨ—ਜੋਗ-ਸਮਾਧੀਆਂ ਲਾਣ ਵਾਲੇ। ਭੇਖ—(ਛੇ) ਭੇਖਾਂ ਦੇ ਸਾਧੂ। ਗਿਆਨ—(ਸ਼ਾਸਤ੍ਰਾਂ ਦੇ) ਜਾਣਨ ਵਾਲੇ। ਫਿਰਤ ਫਿਰਤ—ਸਦਾ ਫਿਰਦੇ ਰਹਿਣ ਵਾਲੇ। ਧਰਤ—ਧਰਤੀ। ਧਰਚਰੀ—ਧਰਤੀ ਉਤੇ ਫਿਰਨ ਵਾਲੇ।1। ਰਹਾਉ।

ਅਹੰ ਅਹੰ—ਹਉਮੈ ਹੀ ਹਉਮੈ। ਅਵਰ—ਹੋਰ। ਅਹੈ—ਹੈ। ਮੂੜ—ਮੂਰਖ। ਬਵਰਈ—ਬਵਰੇ, ਝੱਲੇ। ਜਤਿ—(X>) ਜਿੱਥੇ (ਭੀ)। ਜਾਤ—ਜਾਂਦੇ। ਕਾਲ—ਮੌਤ, ਆਤਮਕ ਮੌਤ। ਹਈ—(ਟਿਕੀ ਰਹਿੰਦੀ) ਹੈ।1।

ਮਾਨੁ—ਅਹੰਕਾਰ। ਤਿਆਗੁ—ਛੱਡ। ਮਿਰਤੁ—ਮੌਤ। ਨਿਕਟਿ—ਨੇੜੇ। ਹਈ—ਹੈ। ਭਾਜੁ—ਭਜਨ ਕਰ। ਕਹਤ ਨਾਨਕੁ—ਨਾਨਕ ਆਖਦਾ ਹੈ। ਅਹਿਲਾ—ਕੀਮਤੀ। ਗਈ—(ਵਿਅਰਥ) ਜਾ ਰਿਹਾ ਹੈ।2।

ਅਰਥ:- ਹੇ ਭਾਈ! ਅਨੇਕਾਂ ਜੋਗ ਸਮਾਧੀਆਂ ਲਾਣ ਵਾਲੇ (ਛੇ) ਭੇਖਾਂ ਦੇ ਸਾਧੂ (ਸ਼ਾਸਤ੍ਰ ਦੇ) ਗਿਆਨਵਾਨ ਸਦਾ ਧਰਤੀ ਉਤੇ ਤੁਰੇ ਫਿਰਦੇ ਹਨ, (ਜਿੱਥੇ ਜਾਂਦੇ ਹਨ) ਚਰਚਾ ਹੀ ਚਰਚਾ ਕਰਦੇ ਫਿਰਦੇ ਹਨ (ਪਰ ਪ੍ਰਭੂ ਦੇ ਭੋਜਨ ਤੋਂ ਬਿਨਾ ਇਹ ਸਭ ਕੁਝ ਵਿਅਰਥ ਹੈ)।1।

ਹੇ ਭਾਈ! (ਇਹੋ ਜਿਹੇ ਅਨੇਕਾਂ ਹੀ) ਹੋਰ ਹਨ, (ਉਹਨਾਂ ਦੇ ਅੰਦਰ) ਹਉਮੈ ਹੀ ਹਉਮੈ, (ਨਾਮ ਤੋਂ ਸੱਖਣੇ ਉਹ) ਮੂਰਖ ਹਨ, ਮੂਰਖ ਹਨ, ਝੱਲੇ ਹਨ। (ਉਹ ਧਰਤੀ ਉੱਤੇ ਤੁਰੇ ਫਿਰਦੇ ਹਨ, ਇਸ ਨੂੰ ਧਰਮ ਦਾ ਕੰਮ ਸਮਝਦੇ ਹਨ ਪਰ ਉਹ) ਜਿੱਥੇ ਭੀ ਜਾਂਦੇ ਹਨ, ਜਿੱਥੇ ਭੀ ਜਾਂਦੇ ਹਨ, ਸਦਾ ਹੀ ਸਦਾ ਹੀ ਆਤਮਕ ਮੌਤ (ਉਹਨਾਂ ਉਤੇ ਸਵਾਰ ਰਹਿੰਦੀ) ਹੈ।

ਹੇ ਮੂਰਖ! (ਇਹਨਾਂ ਸਮਾਧੀਆਂ ਦਾ) ਮਾਣ, (ਭੇਖ ਦਾ) ਮਾਣ (ਸ਼ਾਸਤ੍ਰਾਂ ਦੇ ਗਿਆਨ ਦਾ) ਅਹੰਕਾਰ ਛੱਡ ਦੇਹ, (ਇਸ ਤਰ੍ਹਾਂ ਆਤਮਕ) ਮੌਤ ਸਦਾ (ਤੇਰੇ) ਨੇੜੇ ਹੈ, ਸਦਾ (ਤੇਰੇ) ਨੇੜੇ ਹੈ। (ਤੈਨੂੰ) ਨਾਨਕ ਆਖਦਾ ਹੈ—ਹੇ ਮੂਰਖ! ਪਰਮਾਤਮਾ ਦਾ ਭਜਨ ਕਰ, ਹਰੀ ਦਾ ਭਜਨ ਕਰ। ਭਜਨ ਤੋਂ ਬਿਨਾ ਕੀਮਤੀ ਮਨੁੱਖਾ ਜਨਮ (ਵਿਅਰਥ) ਜਾ ਰਿਹਾ ਹੈ।2।5। 50।12। 62।